# ਹੈਵੀ-ਡਿਊਟੀ ਜਾਂਚ ਅਤੇ
# ਦੇਖਰੇਖ (HD I/M) ਅਧਿਨਿਯਮ:
# ਮਿਆਦੀ HD I/M ਟੈਸਟਿੰਗ ਦੀਆਂ ਲੋੜਾਂ

CALIFORNIA AIR RESOURCES BOARD

31 ਅਕਤੂਬਰ, 2022

ਇਹ ਤੱਥ ਸ਼ੀਟ ਕੈਲੀਫੋਰਨੀਆ ਵਿੱਚ ਚੱਲ ਰਹੇ ਹੈਵੀ-ਡਿਊਟੀ ਵਾਹਨਾਂ 'ਤੇ ਲਾਗੂ ਹੋਣ ਵਾਲੇ HD I/M ਅਧਿਨਿਯਮ ਬਾਰੇ ਜਾਣਕਾਰੀ ਪੇਸ਼ ਕਰਦੀ ਹੈ ਅਤੇ ਮਿਆਦੀ ਤਾਮੀਲ ਟੈਸਟਾਂ ਵਾਸਤੇ ਲੋੜਾਂ ਦਾ ਵਰਣਨ ਕਰਦੀ ਹੈ। ਇਹ ਲੋੜਾਂ ਜਨਵਰੀ 2024 ਤੋਂ ਪਹਿਲਾਂ ਨਹੀਂ ਸ਼ੁਰੂ ਹੋਣਗੀਆਂ ਅਤੇ ਕੈਲੀਫੋਰਨੀਆ ਏਅਰ ਰਿਸੌਰਸਜ਼ ਬੋਰਡ (CARB) ਵੱਲੋਂ ਅਗਾਊਂ ਜਨਤਕ ਅਧਿਸੂਚਨਾ ਦੇਣ ਦੇ ਬਾਅਦ ਹੀ ਸ਼ੁਰੂ ਹੋਣਗੀਆਂ। ਇੱਕ ਵੱਖਰੀ ਤੱਥ ਸ਼ੀਟ HD I/M ਅਧਿਨਿਯਮ ਦੇ ਪਿਛੋਕੜ ਬਾਰੇ ਜਾਣਕਾਰੀ ਪੇਸ਼ ਕਰਦੀ ਹੈ ਅਤੇ ਜਨਵਰੀ 2023 ਵਿੱਚ ਸ਼ੁਰੂ ਹੋਣ ਵਾਲੀਆਂ ਲੋੜਾਂ ਦਾ ਵਰਣਨ ਕਰਦੀ ਹੈ।

## *ਮਿਆਦੀ ਟੈਸਟਿੰਗ ਦੀਆਂ ਲੋੜਾਂ*

### ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮਿਆਦੀ HD I/M ਤਾਮੀਲ ਟੈਸਟਿੰਗ ਕਦੋਂ ਸ਼ੁਰੂ ਹੁੰਦੀ ਹੈ?

ਕੈਲੀਫੋਰਨੀਆ ਵਿੱਚ ਚੱਲਣ ਵਾਲੇ ਸਾਰੇ ਵਾਹਨਾਂ ਲਈ HD I/M ਮਿਆਦੀ ਤਾਮੀਲ ਟੈਸਟਿੰਗ 1, ਜਨਵਰੀ 2024 ਤੋਂ ਪਹਿਲਾਂ ਸ਼ੁਰੂ ਨਹੀਂ ਹੋਵੇਗੀ। ਇਹਨਾਂ ਲੋੜਾਂ ਦੇ ਪ੍ਰਭਾਵੀ ਹੋਣ ਅਤੇ ਇਹਨਾਂ ਨੂੰ ਲਾਗੂ ਕੀਤੇ ਜਾਣ ਤੋਂ ਪਹਿਲਾਂ, CARB ਕੈਲੀਫੋਰਨੀਆ ਰੈਗੂਲੇਟਰੀ ਨੋਟਿਸ ਰਜਿਸਟਰ ਉੱਤੇ ਅਤੇ CARB ਦੀ ਵੈੱਬਸਾਈਟ ਉੱਤੇ ਘੱਟੋ-ਘੱਟ 90 ਕੈਲੰਡਰ ਦਿਨ ਪਹਿਲਾਂ ਅਗਾਊਂ ਨੋਟਿਸ ਪ੍ਰਦਾਨ ਕਰੇਗਾ। CARB ਬਾਹਰੀ-ਪਹੁੰਚ (outreach) ਕਿਰਿਆਵਾਂ ਰਾਹੀਂ ਵੀ ਵਾਹਨ ਮਾਲਕਾਂ ਨੂੰ ਸੂਚਿਤ ਕਰੇਗਾ, ਜਿਵੇਂ ਕਿ ਸਿਖਲਾਈ ਸੈਸ਼ਨ, ਸੇਧਿਤ ਈਮੇਲ ਮੁਹਿੰਮਾਂ, ਅਤੇ ਪ੍ਰੋਗਰਾਮ ਘੋਸ਼ਣਾਵਾਂ ਜਿਨ੍ਹਾਂ ਦੀ ਅਦਾਇਗੀ ਸਿੱਧੇ ਤੌਰ 'ਤੇ ਈਮੇਲ ਇਨਬਾਕਸ ਵਿੱਚ ਕੀਤੀ ਜਾਂਦੀ ਹੈ ਜਦ ਤੁਸੀਂ HD I/M ਪ੍ਰੋਗਰਾਮ ਅੱਪਡੇਟ ਪ੍ਰਾਪਤ ਕਰਨ ਲਈ ਸਬਸਕ੍ਰਾਈਬ ਕਰਦੇ ਹੋ। ਅਸੀਂ ਪੁਰਜ਼ੋਰ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਇਹਨਾਂ ਅੱਪਡੇਟਾਂ ਨੂੰ ਪ੍ਰਾਪਤ ਕਰਨ ਲਈ ਇਸ ਲਿੰਕ 'ਤੇ ਸਬਸਕ੍ਰਾਈਬ ਕਰੋ:
https://public.govdelivery.com/accounts/CARB/subscriber/new?topid=hdim.

## ਮੇਰੇ ਵਾਹਨਾਂ ਨੂੰ ਮਿਆਦੀ HD I/M ਤਾਮੀਲ ਟੈਸਟ ਦੀ ਕਿੰਨ੍ਹੇ ਕੁ ਵਕਫੇ ਬਾਅਦ ਲੋੜ ਪਵੇਗੀ?

HD I/M ਮਿਆਦੀ ਤਾਮੀਲ ਟੈਸਟਿੰਗ ਲਾਗੂ ਹੋਣ 'ਤੇ, ਲਗਭਗ ਸਾਰੇ ਵਾਹਨਾਂ ਤੋਂ ਪ੍ਰਤੀ ਸਾਲ ਦੋ ਵਾਰ ਟੈਸਟ ਕਰਵਾਉਣਾ ਲੋੜਿਆ ਜਾਵੇਗਾ ਜਿਸਦੇ ਨਤੀਜੇ CARB ਨੂੰ ਸੌਂਪੇ ਜਾਣਗੇ। **ਸੜ੍ਹਕ 'ਤੇ ਚੱਲਣ ਵਾਲੇ ਖੇਤੀਬਾੜੀ ਵਾਹਨਾਂ ਅਤੇ ਕੈਲੀਫੋਰਨੀਆ ਵਿੱਚ ਰਜਿਸਟਰ ਕੀਤੇ ਮੋਟਰਘਰਾਂ (motorhomes) ਤੋਂ ਪ੍ਰਤੀ ਸਾਲ ਕੇਵਲ ਇੱਕ ਵਾਰ ਟੈਸਟ ਕਰਵਾਉਣਾ ਲੋੜਿਆ ਜਾਵੇਗਾ।**

HD I/M ਮਿਆਦੀ ਤਾਮੀਲ ਟੈਸਟਿੰਗ ਸ਼ੁਰੂ ਹੋਣ ਤੋਂ ਤਿੰਨ ਸਾਲ ਬਾਅਦ, ਔਨ ਬੋਰਡ ਡਾਇਗਨੌਸਟਿਕ (OBD) ਨਾਲ ਲੈਸ ਵਾਹਨਾਂ ਕੋਲੋਂ ਪ੍ਰਤੀ ਸਾਲ ਚਾਰ ਵਾਰ ਟੈਸਟ ਕਰਵਾਉਣਾ ਲੋੜਿਆ ਜਾਵੇਗਾ। **ਸੜ੍ਹਕ-ਉੱਤੇ ਚੱਲਦੇ ਖੇਤੀਬਾੜੀ ਵਾਹਨ ਅਤੇ ਕੈਲੀਫੋਰਨੀਆ ਵਿੱਚ ਰਜਿਸਟਰ ਕੀਤੇ ਮੋਟਰਘਰ ਸਾਲ ਵਿੱਚ ਇੱਕ ਵਾਰ ਟੈਸਟ ਕਰਵਾਉਣ ਦੀ ਆਵਰਤੀ 'ਤੇ ਹੀ ਰਹਿਣਗੇ, ਚਾਹੇ ਉਹ OBD ਨਾਲ ਲੈਸ ਵੀ ਕਿਉਂ ਨਾ ਹੋਣ।**

## ਮੇਰੇ ਵਾਹਨਾਂ ਲਈ ਮਿਆਦੀ ਤਾਮੀਲ ਟੈਸਟਿੰਗ ਵਾਸਤੇ ਬਕਾਇਆ ਤਾਰੀਖਾਂ ਕੀ ਹਨ?

ਕੈਲੀਫੋਰਨੀਆ ਵਿੱਚ ਰਜਿਸਟਰ ਕੀਤੇ ਵਾਹਨਾਂ ਵਾਸਤੇ, ਬਕਾਇਆ ਤਾਰੀਖਾਂ, ਜਿਨ੍ਹਾਂ ਨੂੰ ਤਾਮੀਲ ਟੈਸਟਿੰਗ ਲਈ ਅੰਤਿਮ ਸਮਾਂ-ਸੀਮਾਵਾਂ (deadlines) ਕਿਹਾ ਜਾਂਦਾ ਹੈ, ਹਰ ਵਾਹਨ ਦੇ DMV ਰਜਿਸਟ੍ਰੇਸ਼ਨ ਦੀ ਮਿਆਦ ਸਮਾਪਤੀ/ਨਵਿਆਉਣ ਤਾਰੀਖ਼ ਨਾਲ ਲਿੰਕ ਕੀਤੀਆਂ ਜਾਂਦੀਆਂ ਹਨ। ਪਾਸ ਹੋਣ ਵਾਲੇ HD I/M ਟੈਸਟ ਦੇ ਨਤੀਜੇ ਕਿਸੇ ਤਾਮੀਲ ਦੀ ਸਮਾਂ-ਸੀਮਾ ਤੋਂ 90 ਦਿਨ ਪਹਿਲਾਂ ਤੱਕ ਸੌਂਪੇ ਜਾ ਸਕਦੇ ਹਨ।

ਉਦਾਹਰਨ ਲਈ ਸਾਲ ਵਿੱਚ ਦੋ ਵਾਰ ਟੈਸਟਿੰਗ ਵਾਸਤੇ, ਜੇ ਵਾਹਨ ਦੀ ਰਜਿਸਟ੍ਰੇਸ਼ਨ ਨੂੰ ਨਵਿਆਉਣ ਦੀ ਤਾਰੀਖ਼ 15 ਮਾਰਚ ਹੈ, ਤਾਂ ਪਹਿਲੇ ਤਾਮੀਲ ਟੈਸਟ ਦੇ ਨਤੀਜੇ 15 ਮਾਰਚ ਤੋਂ 90 ਦਿਨ ਪਹਿਲਾਂ ਤੱਕ ਸੌਂਪੇ ਜਾ ਸਕਦੇ ਹਨ, ਪਰ ਉਸ ਤਾਰੀਖ਼ ਤੋਂ ਬਾਅਦ ਨਹੀਂ। ਦੂਜੇ ਤਾਮੀਲ ਟੈਸਟ ਦੇ ਨਤੀਜੇ 6 ਮਹੀਨੇ ਬਾਅਦ 15 ਸਤੰਬਰ ਨੂੰ ਬਕਾਇਆ ਹੋ ਜਾਣਗੇ ਅਤੇ ਇਹਨਾਂ ਨੂੰ ਵੀ ਉਸ ਤਾਰੀਖ਼ ਤੋਂ 90 ਦਿਨ ਪਹਿਲਾਂ ਤੱਕ ਸੌਂਪਿਆ ਜਾ ਸਕਦਾ ਹੈ।

## ਰਾਜ ਤੋਂ ਬਾਹਰੀ ਵਾਹਨਾਂ ਵਾਸਤੇ ਅਤੇ ਕੈਲੀਫੋਰਨੀਆ ਵਿੱਚ ਰਜਿਸਟਰ ਨਾ ਕੀਤੇ ਗਏ ਹੋਰ ਵਾਹਨਾਂ ਵਾਸਤੇ ਤਾਮੀਲ ਦੀਆਂ ਸਮਾਂ-ਸੀਮਾਵਾਂ ਕੀ ਹਨ?

ਕੈਲੀਫੋਰਨੀਆ ਤੋਂ ਬਾਹਰ ਰਜਿਸਟਰ ਕੀਤੇ ਗਏ ਵਾਹਨਾਂ ਵਾਸਤੇ ਅਤੇ DMV ਰਜਿਸਟ੍ਰੇਸ਼ਨ ਲੋੜਾਂ ਤੋਂ ਛੋਟ ਪ੍ਰਾਪਤ ਵਾਹਨਾਂ ਵਾਸਤੇ (ਉਦਾਹਰਨ ਲਈ, ਜਨਤਕ ਅਦਾਰੇ ਦੇ ਵਾਹਨ, ਕੁਝ ਸੰਘੀ-ਸਰਕਾਰ ਦੇ ਵਾਹਨ), ਤਾਮੀਲ ਵਾਸਤੇ ਸਮਾਂ-ਸੀਮਾਵਾਂ ਵਾਹਨ ਦੇ VIN ਦੇ ਆਖਰੀ ਨੰਬਰ ਉੱਤੇ ਆਧਾਰਿਤ ਹੁੰਦੀਆਂ ਹਨ ਜਿਵੇਂ ਕਿ ਹੇਠਾਂ ਦਿੱਤੀ ਸਾਰਣੀ ਵਿੱਚ ਦਿਖਾਇਆ ਗਿਆ ਹੈ। ਪਾਸ ਹੋਣ ਵਾਲੇ HD I/M ਟੈਸਟ ਦੇ ਨਤੀਜੇ ਕਿਸੇ ਤਾਮੀਲ ਦੀ ਸਮਾਂ-ਸੀਮਾ ਤੋਂ 90 ਦਿਨ ਪਹਿਲਾਂ ਤੱਕ ਸੌਂਪੇ ਜਾ ਸਕਦੇ ਹਨ।

ਇੱਕ ਉਦਾਹਰਨ ਵਜੋਂ ਸਾਲ ਵਿੱਚ ਦੋ ਵਾਰ ਟੈਸਟਿੰਗ ਵਾਸਤੇ, ਜੇ ਵਾਹਨ ਦੇ VIN ਦਾ ਆਖਰੀ ਅੰਕ 9 ਹੈ, ਤਾਂ ਪਹਿਲੇ ਤਾਮੀਲ ਟੈਸਟ ਦੇ ਨਤੀਜੇ ਜੁਲਾਈ ਦੇ ਆਖਰੀ ਦਿਨ ਤੱਕ ਬਕਾਇਆ ਹੋ ਜਾਣਗੇ, ਅਤੇ ਦੂਜੇ ਤਾਮੀਲ ਟੈਸਟ ਦੇ ਨਤੀਜੇ ਛੇ ਮਹੀਨੇ ਬਾਅਦ ਜਨਵਰੀ ਦੇ ਆਖਰੀ ਦਿਨ ਤੱਕ ਬਕਾਇਆ ਹੋ ਜਾਣਗੇ।

| VIN ਦਾ ਆਖਰੀ ਅੰਕ | 0 | 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|---|---|
| ਮਹੀਨਾ | ਅਕਤੂਬਰ | ਨਵੰਬਰ | ਦਸੰਬਰ | ਜਨਵਰੀ | ਫਰਵਰੀ | ਮਾਰਚ | ਅਪਰੈਲ | ਮਈ | ਜੂਨ | ਜੁਲਾਈ |

## ਮੇਰੇ ਵਾਹਨਾਂ ਨੂੰ ਕਿਸ ਤਰ੍ਹਾਂ ਟੈਸਟ ਕੀਤਾ ਜਾਣਾ ਲਾਜ਼ਮੀ ਹੈ?

ਉਸ HD I/M ਤਾਮੀਲ ਟੈਸਟ ਦੀ ਕਿਸਮ ਜੋ ਤੁਹਾਡਾ ਵਾਹਨ ਕਰਵਾਏਗਾ, ਉਹ ਬਦਲਦੀ ਨਹੀਂ। ਟੈਸਟਿੰਗ ਦੀਆਂ ਲੋੜਾਂ ਇਸ ਚੀਜ਼ 'ਤੇ ਨਿਰਭਰ ਕਰਦੀਆਂ ਹਨ ਕਿ ਕੀ ਤੁਹਾਡਾ ਵਾਹਨ/ਇੰਜਨ OBD ਨਾਲ ਲੈਸ ਹੈ ਜਾਂ ਨਹੀਂ।

OBD ਨਾਲ ਲੈਸ ਵਾਹਨਾਂ ਕੋਲੋਂ ਲੋੜਿਆ ਜਾਂਦਾ ਹੈ ਕਿ ਇਹ CARB-ਪ੍ਰਮਾਣਿਤ OBD ਟੈਸਟ ਡੀਵਾਈਸ ਦੀ ਵਰਤੋਂ ਕਰਕੇ ਇੰਜਨ ਦੇ OBD ਡੇਟਾ ਦਾ ਸਕੈਨ ਕਰਵਾਉਣ।

ਗੈਰ-OBD ਵਾਹਨ, ਦੂਜੇ ਸ਼ਬਦਾਂ ਵਿੱਚ, ਉਹ ਜੋ ਉਪਰੋਕਤ ਇੰਜਨ ਮਾਡਲ ਸਾਲ ਲਈ ਲੋੜਾਂ ਦੀ ਪੂਰਤੀ ਨਹੀਂ ਕਰਦੇ, ਉਹਨਾਂ ਕੋਲੋਂ ਧੂੰਏਂ ਦੀ ਅਪਾਰਦਰਸ਼ਤਾ ਦਾ ਟੈਸਟ (smoke opacity test) ਕਰਵਾਉਣਾ ਅਤੇ ਵਾਹਨ ਦੇ ਧੂੰ-ਨਿਕਾਸੀਆਂ ਕੰਟਰੋਲ ਕਰਨ ਵਾਲੇ ਸਾਜ਼ੋ-ਸਮਾਨ ਦੀ ਅੱਖੀਂ ਜਾਂਚ ਕਰਵਾਉਣਾ ਲੋੜਿਆ ਜਾਂਦਾ ਹੈ, ਜਿਸਨੂੰ ਇਸ ਪ੍ਰੋਗਰਾਮ ਵਿੱਚ, 'ਵਾਹਨ ਧੂੰ-ਨਿਕਾਸੀਆਂ ਕੰਟਰੋਲ ਕਰਨ ਵਾਲੇ ਸਾਜ਼ੋ-ਸਮਾਨ ਦੀ ਜਾਂਚ' (Vehicle Emissions Control Equipment Inspection) ਕਿਹਾ ਜਾਂਦਾ ਹੈ। ਧੂੰਏਂ ਦੀ ਅਪਾਰਦਰਸ਼ਤਾ ਦਾ ਟੈਸਟ ਉਹੀ SAE J1667 ਝਟਪਟ ਪ੍ਰਵੇਗ ਧੂੰਆਂ ਜਾਂਚ (snap acceleration smoke inspection) ਹੈ ਜਿਸਨੂੰ CARB ਦੇ 'ਮਿਆਦੀ ਧੂੰਆਂ ਜਾਂਚ ਪ੍ਰੋਗਰਾਮ' (PSIP) ਦੀ ਤਾਮੀਲ ਕਰਨ ਲਈ ਵਰਤਿਆ ਜਾਂਦਾ ਹੈ।

## ਕਿਹੜੇ ਵਾਹਨਾਂ ਵਿੱਚ OBD ਸਿਸਟਮ ਹੁੰਦੇ ਹਨ?

2013 ਅਤੇ ਇਸ ਤੋਂ ਵਧੇਰੇ ਨਵੇਂ ਮਾਡਲ ਸਾਲ ਵਾਲੇ ਡੀਜ਼ਲ ਵਾਹਨਾਂ (ਜਿਨ੍ਹਾਂ ਵਿੱਚ ਹਾਈਬ੍ਰਿਡ ਵਾਹਨ ਵੀ ਸ਼ਾਮਲ ਹਨ) ਵਿੱਚ OBD ਸਿਸਟਮ ਹੁੰਦੇ ਹਨ। 2018 ਅਤੇ ਇਸ ਤੋਂ ਵਧੇਰੇ ਨਵੇਂ ਮਾਡਲ ਸਾਲ ਵਾਲੇ ਵਿਕਲਪਕ ਈਂਧਨ ਵਾਲੇ ਵਾਹਨਾਂ (ਜਿਨ੍ਹਾਂ ਵਿੱਚ ਹਾਈਬ੍ਰਿਡ ਵਾਹਨ ਵੀ ਸ਼ਾਮਲ ਹਨ) ਵਿੱਚ OBD ਸਿਸਟਮ ਹੁੰਦੇ ਹਨ।

## *ਹੋਰ ਲੋੜਾਂ*

### ਕੀ ਵਧੇਰੇ ਧੂੰਆਂ ਛੱਡਣ ਵਾਲੇ ਵਾਹਨਾਂ ਵਾਸਤੇ ਪੜਤਾਲ ਅਜੇ ਵੀ ਲਾਗੂ ਹੈ?

ਹਾਂ, ਸੜਕ-ਕਿਨਾਰੇ ਧੂੰ-ਨਿਕਾਸੀਆਂ (emissions) ਦੀ ਨਿਗਰਾਨੀ ਕਰਨ ਵਾਲੀਆਂ ਡੀਵਾਈਸਾਂ ਦੀ ਵਰਤੋਂ ਕਰਕੇ ਜਨਵਰੀ 2023 ਵਿੱਚ ਸ਼ੁਰੂ ਹੋਣ ਵਾਲੀ ਵਧੇਰੇ ਧੂੰਆਂ ਛੱਡਣ ਵਾਲੇ ਵਾਹਨਾਂ ਲਈ ਪੜਤਾਲ ਅਜੇ ਵੀ ਪ੍ਰਭਾਵੀ ਹੈ। ਚਾਹੇ ਤੁਹਾਡਾ ਵਾਹਨ ਆਪਣੀ ਮਿਆਦ ਤਾਮੀਲ ਦੇ ਟੈਸਟ ਪਾਸ ਕਰ ਵੀ ਜਾਂਦਾ ਹੈ, ਫਿਰ ਵੀ ਟੈਸਟਿੰਗ ਦੇ ਅੰਤਰਾਲਾਂ ਵਿਚਕਾਰ ਇਸਦੀ ਸ਼ਨਾਖਤ ਇੱਕ ਸੰਭਾਵੀ ਉੱਚ ਈਮਿਟਰ (ਵਧੇਰੇ ਧੂੰਆਂ ਛੱਡਣ ਵਾਲਾ ਵਾਹਨ) ਵਜੋਂ ਕੀਤੀ ਜਾ ਸਕਦੀ ਹੈ। ਜੇ ਤੁਹਾਨੂੰ ਕੋਈ 'ਟੈਸਟਿੰਗ ਲਈ ਸਪੁਰਦ ਕਰਨ ਲਈ ਨੋਟਿਸ' (Notice to Submit to Testing - NST) ਮਿਲਦਾ ਹੈ, ਤਾਂ ਇਸਨੂੰ ਪ੍ਰਾਪਤ ਕਰਨ ਦੇ 30 ਦਿਨਾਂ ਦੇ ਅੰਦਰ HD I/M ਤਾਮੀਲ ਟੈਸਟ ਪਾਸ ਕਰਨ ਦਾ ਨਤੀਜਾ ਲਾਜ਼ਮੀ ਤੌਰ 'ਤੇ CARB ਨੂੰ ਸੌਂਪਿਆ ਜਾਣਾ ਚਾਹੀਦਾ ਹੈ। CARB ਕੋਲੋਂ ਪ੍ਰਾਪਤ ਹੋਏ ਪੱਤਰ ਵਿਚਲੀਆਂ ਹਿਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਓ ਅਤੇ ਆਪਣੇ ਵਾਹਨ ਦੀ ਜਾਂਚ ਕਰਵਾਉਣ ਅਤੇ ਟੈਸਟ ਦੇ ਨਤੀਜੇ CARB ਨੂੰ ਸੌਂਪਣ ਲਈ ਆਖਰੀ ਦਿਨ ਤੱਕ ਉਡੀਕ ਨਾ ਕਰੋ। ਇੱਕ ਵਾਰ ਜਦ CARB ਇਹ ਨਿਰਣਾ ਕਰ ਲੈਂਦਾ ਹੈ ਕਿ ਵਾਹਨ ਤਾਮੀਲ ਕਰਦਾ ਹੈ, ਤਾਂ NST ਦੇ ਜਵਾਬ ਵਜੋਂ ਤੁਹਾਨੂੰ ਹੋਰ ਕੁਝ ਵੀ ਕਰਨ ਦੀ ਲੋੜ ਨਹੀਂ ਹੋਵੇਗੀ।

## ਇੱਕ ਵਾਰ ਜਦ HD I/M ਮਿਆਦੀ ਟੈਸਟਿੰਗ ਸ਼ੁਰੂ ਹੋ ਜਾਂਦੀ ਹੈ ਤਾਂ ਕੀ ਮੈਨੂੰ ਅਜੇ ਵੀ ਸਾਲਾਨਾ PSIP ਜਾਂਚਾਂ ਕਰਨ ਦੀ ਲੋੜ ਹੈ?

ਨਹੀਂ। ਜਦ HD I/M ਪ੍ਰੋਗਰਾਮ ਦੇ ਅੰਦਰ ਮਿਆਦੀ ਤਾਮੀਲ ਟੈਸਟਿੰਗ ਲਾਗੂ ਹੋ ਜਾਂਦੀ ਹੈ ਤਾਂ CARB PSIP ਨੂੰ ਬੰਦ ਕਰ ਦੇਵੇਗਾ।

## ਜੇ ਮੈਂ ਆਪਣੇ ਫਲੀਟ ਵਿੱਚ ਕੋਈ ਵਾਹਨ ਸ਼ਾਮਲ ਕਰਦਾ ਜਾਂ ਹਟਾਉਂਦਾ ਹਾਂ ਤਾਂ ਕੀ ਵਾਪਰਦਾ ਹੈ?

ਵਾਹਨ ਮਾਲਕ ਸਟੀਕ ਜਾਣਕਾਰੀ ਬਣਾਈ ਰੱਖਣ ਲਈ ਜ਼ਿੰਮੇਵਾਰ ਹੁੰਦੇ ਹਨ ਅਤੇ ਉਹਨਾਂ ਵਾਸਤੇ ਲਾਜ਼ਮੀ ਹੈ ਕਿ ਕਿਸੇ ਵਾਹਨ ਨੂੰ ਸ਼ਾਮਲ ਕਰਨ ਜਾਂ ਹਟਾਉਣ ਲਈ ਕੀਤੇ ਲੈਣ-ਦੇਣ ਦੇ 30 ਕੈਲੰਡਰ ਦਿਨਾਂ ਦੇ ਅੰਦਰ ਵਾਹਨ ਬਾਰੇ ਜਾਣਕਾਰੀ ਨੂੰ ਅੱਪਡੇਟ ਕਰਨ।

# *HD I/M ਅਧਿਨਿਯਮ ਬਾਰੇ ਹੋਰ ਜਾਣਕਾਰੀ ਕਿਵੇਂ ਹਾਸਲ ਕਰੀਏ*

## ਮੈਂ HD I/M ਪ੍ਰੋਗਰਾਮ ਦੀਆਂ ਕਿਰਿਆਵਾਂ ਬਾਰੇ ਤਾਜ਼ਾ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ/ਦੀ ਹਾਂ?

ਪ੍ਰੋਗਰਾਮ ਦੇ ਲਾਗੂਕਰਨ ਅਤੇ ਹੋਰ ਕਿਰਿਆਵਾਂ ਬਾਰੇ ਆਟੋਮੈਟਿਕ ਈਮੇਲ ਅੱਪਡੇਟ ਪ੍ਰਾਪਤ ਕਰਨ ਲਈ, ਕੈਲੀਫੋਰਨੀਆ ਏਅਰ ਰਿਸੋਰਸਜ਼ ਬੋਰਡ (govdelivery.com) ਵਿਖੇ GovDelivery ਸੂਚੀ ਉੱਤੇ ਸਾਈਨ ਅੱਪ ਕਰੋ।

## HD I/M ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਮੈਂ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ ਨੂੰ ਦੇਖੋ:

https://ww2.arb.ca.gov/sites/default/files/truckstop/hdim/hdim.html ਜਾਂ https://ww2.arb.ca.gov/our-work/programs/heavy-duty-inspection-and-maintenance-program.

ਤੁਸੀਂ HD I/M ਟੈਸਟਰ ਸਿਖਲਾਈ ਕੋਰਸ ਵਾਸਤੇ ਵਿਕਸਿਤ ਕੀਤੇ CARB ਦੇ ਸਿਖਲਾਈ ਮਾਡਿਊਲਾਂ ਨੂੰ ਏਥੇ ਵੀ ਦੇਖ ਸਕਦੇ ਹੋ: https://ww2.arb.ca.gov/sites/default/files/truckstop/azregs/training.html.
ਉਹਨਾਂ ਨੂੰ ਦੇਖਣ ਲਈ ਸਕ੍ਰੋਲ ਕਰਕੇ "Helpful Videos" (ਮਦਦਗਾਰੀ ਵੀਡੀਓ) ਸੈਕਸ਼ਨ 'ਤੇ ਜਾਓ। ਇਹ ਮਾਡਿਊਲ HD I/M ਅਧਿਨਿਯਮ ਅਤੇ ਟੈਸਟਿੰਗ ਪ੍ਰਕਿਰਿਆਵਾਂ ਦੀਆਂ ਲੋੜਾਂ ਬਾਰੇ ਵਧੇਰੇ ਡੂੰਘੀ ਜਾਣਕਾਰੀ ਪ੍ਰਦਾਨ ਕਰਦੇ ਹਨ,
ਜੋ ਵਾਹਨ ਮਾਲਕਾਂ ਲਈ ਉਪਯੋਗੀ ਹੋ ਸਕਦੀ ਹੈ।

## ਅੰਤਿਮ HD I/M ਅਧਿਨਿਯਮ ਦੀ ਲਿਖਤ ਮੈਨੂੰ ਕਿੱਥੇ ਮਿਲ ਸਕਦੀ ਹੈ?

HD I/M ਅਧਿਨਿਯਮ, ਜਿਸਨੂੰ ਅੰਤਿਮ ਅਧਿਨਿਯਮ ਆਦੇਸ਼ ਕਿਹਾ ਜਾਂਦਾ ਹੈ, ਸਿਰਲੇਖ 13, ਕੈਲੀਫੋਰਨੀਆ ਅਧਿਨਿਯਮ ਜ਼ਾਬਤਾ, ਸੈਕਸ਼ਨ 2195 - 2199.1 ਵਿੱਚ ਹੈ ਅਤੇ ਇਹ ਏਥੇ ਉਪਲਬਧ ਹੈ:
https://ww2.arb.ca.gov/sites/default/files/barcu/regact/2021/hdim2021/hdi-mfroatta-1.pdf.

## ਜੇ ਮੇਰੇ ਕੋਈ ਵਾਧੂ ਸਵਾਲ ਹੋਣ ਤਾਂ ਮੈਂ CARB ਨਾਲ ਕਿਵੇਂ ਸੰਪਰਕ ਕਰਾਂ?

ਕਿਰਪਾ ਕਰਕੇ ਅਮਲੇ ਨੂੰ ਇਸ ਪਤੇ 'ਤੇ ਈਮੇਲ ਕਰੋ: hdim@arb.ca.gov. ਅਸੀਂ ਆਮ ਤੌਰ 'ਤੇ ਤਿੰਨ ਤੋਂ ਪੰਜ ਕਾਰੋਬਾਰੀ ਦਿਨਾਂ ਦੇ ਅੰਦਰ ਜਵਾਬ ਦੇ ਦਿੰਦੇ ਹਾਂ।